BC CANCER CERVIX SCREENING

Provincial Health Services Authority

# ਕੈਂਸਰ ਦੀ ਜਾਂਚ ਦੇ ਪ੍ਰੋਗਰਾਮ ਅਤੇ ਕੋਵਿਡ 19 ਸਰਵਿਸ ਵਿਚ ਤਬਦੀਲੀਆਂ ਸਰਵਿਕਸ ਦਾ ਟੈੱਸਟ ਸਵਾਲ ਅਤੇ ਜਵਾਬ

ਅਡੀਸ਼ਨ: 11 ਅਗਸਤ, 2020 – ਸਵੇਰ ਦੇ 10 ਵਜੇ

---

**1. ਕੀ ਮੈਨੂੰ ਇਸ ਸਮੇਂ ਪੈਪ ਟੈੱਸਟ ਕਰਵਾਉਣਾ ਚਾਹੀਦਾ ਹੈ?**

- ਕਿਰਪਾ ਕਰਕੇ ਆਪਣੇ ਡਾਕਟਰ ਦੇ ਦਫਤਰ ਜਾਂ ਕਲੀਨਿਕ ਵਿਚ ਪੈਪ ਟੈੱਸਟਾਂ ਦੀ ਉਪਲਬਧੀ ਬਾਰੇ ਉਸ ਤੋਂ ਚੈੱਕ ਕਰੋ।
- ਜੇ ਤੁਸੀਂ ਕੋਈ ਨਿਸ਼ਾਨੀਆਂ ਦੇਖ ਰਹੇ ਹੋ ਜਿਵੇਂ ਕਿ ਯੋਨੀ ਵਿੱਚੋਂ ਅਸਾਧਾਰਨ ਬਲੀਡਿੰਗ (ਜਿਵੇਂ ਕਿ ਮਾਹਵਾਰੀਆਂ ਦੇ ਵਿਚਕਾਰਲੇ ਸਮਿਆਂ ਦੌਰਾਨ ਬਲੀਡਿੰਗ, ਸੰਭੋਗ ਦੌਰਾਨ/ਬਾਅਦ ਵਿਚ ਬਲੀਡਿੰਗ ਜਾਂ ਮਾਹਵਾਰੀ ਦੇ ਪੱਕੇ ਤੌਰ ’ਤੇ ਬੰਦ ਹੋਣ ਤੋਂ ਬਾਅਦ ਬਲੀਡਿੰਗ), ਯੋਨੀ ਵਿੱਚੋਂ ਅਸਾਧਾਰਨ ਜਾਂ ਲਗਾਤਾਰ ਮੁਆਦ ਨਿਕਲਣਾ, ਪੈਲਵਿਕ (ਪੇਡੂ) ਵਿਚ ਦਰਦ, ਜਾਂ ਸੰਭੋਗ ਦੌਰਾਨ ਦਰਦ ਤਾਂ ਫੌਰਨ ਆਪਣੇ ਡਾਕਟਰ ਨਾਲ ਗੱਲ ਕਰੋ।

**2. ਇਸ ਵੇਲੇ ਮੇਰੇ ਵਿਚ ਨਿਸ਼ਾਨੀਆਂ ਦਿਖਾਈ ਦੇ ਰਹੀਆਂ ਹਨ।**

- ਟੈੱਸਟਾਂ ਦੀ ਸਿਫਾਰਸ਼ ਉਨ੍ਹਾਂ ਲੋਕਾਂ ਲਈ ਨਹੀਂ ਕੀਤੀ ਜਾਂਦੀ ਜਿਨ੍ਹਾਂ ਵਿਚ ਕੋਈ ਨਿਸ਼ਾਨੀਆਂ ਦਿਖਾਈ ਨਹੀਂ ਦੇ ਰਹੀਆਂ ਹਨ।
- ਸਰਵੀਕਲ (ਬੱਚੇਦਾਨੀ ਦੇ ਮੂੰਹ ਦੀ) ਕੈਂਸਰ ਦੀਆਂ ਨਿਸ਼ਾਨੀਆਂ ਵਿਚ, ਯੋਨੀ ਵਿੱਚੋਂ ਅਸਾਧਾਰਨ ਬਲੀਡਿੰਗ (ਜਿਵੇਂ ਕਿ ਮਾਹਵਾਰੀਆਂ ਦੇ ਵਿਚਕਾਰਲੇ ਸਮਿਆਂ ਦੌਰਾਨ ਬਲੀਡਿੰਗ, ਸੰਭੋਗ ਦੌਰਾਨ/ਬਾਅਦ ਵਿਚ ਬਲੀਡਿੰਗ ਜਾਂ ਮਾਹਵਾਰੀ ਦੇ ਪੱਕੇ ਤੌਰ ’ਤੇ ਬੰਦ ਹੋਣ ਤੋਂ ਬਾਅਦ ਬਲੀਡਿੰਗ), ਯੋਨੀ ਵਿੱਚੋਂ ਅਸਾਧਾਰਨ ਜਾਂ ਲਗਾਤਾਰ ਮੁਆਦ ਨਿਕਲਣਾ, ਪੈਲਵਿਕ (ਪੇਡੂ) ਵਿਚ ਦਰਦ, ਜਾਂ ਸੰਭੋਗ ਦੌਰਾਨ ਦਰਦ ਸ਼ਾਮਲ ਹੋ ਸਕਦੀਆਂ ਹਨ। ਜੇ ਤੁਹਾਨੂੰ ਇਹ ਨਿਸ਼ਾਨੀਆਂ ਦਿਖਾਈ ਦੇਣ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।

**3. ਮੈਂ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਹਾਂ। ਮੈਨੂੰ ਕੀ ਜਾਣਨਾ ਚਾਹੀਦਾ ਹੈ?**

- ਪ੍ਰਾਇਮਰੀ ਕੇਅਰ ਪ੍ਰੋਵਾਈਡਰ ਸੂਬੇ ਭਰ ਵਿਚ ਲੈਬ ਪ੍ਰੋਸੈਸਿੰਗ ਦੇ ਆਮ ਸਮਿਆਂ ਅਤੇ ਡਾਊਨਸਟ੍ਰੀਮ ਕੋਲਪੋਸਕੋਪੀ ਲਈ ਆਮ ਸਮਰੱਥਾ ਦੀ ਉਮੀਦ ਰੱਖ ਸਕਦੇ ਹਨ।
- ਸਰਵੀਕਲ ਕੈਂਸਰ ਸਕਰੀਨਿੰਗ ਲੈਬਾਰਟਰੀ ਪੈਪ ਦੇ ਮਿਲਣ ਵਾਲੇ ਸੈਂਪਲਾਂ ਨੂੰ ਟੈੱਸਟ ਕਰਨਾ ਜਾਰੀ ਰੱਖ ਰਹੀ ਹੈ ਅਤੇ ਪ੍ਰਾਇਮਰੀ ਕੇਅਰ ਪ੍ਰੋਵਾਈਡਰਜ਼ ਨੂੰ ਨਤੀਜੇ ਭੇਜ ਰਹੀ ਹੈ।
- ਕੋਲਪੋਸਕੋਪੀ ਕਲੀਨਿਕ ਆਮ ਵਾਂਗ ਰੈਫਰਲਜ਼ ਪ੍ਰਵਾਨ ਕਰ ਰਹੇ ਹਨ ਅਤੇ ਪੈਰਵੀ ਲਈ ਮਰੀਜ਼ਾਂ ਦੀ ਬੁਕਿੰਗ ਕਰ ਰਹੇ ਹਨ। ਕੋਲਪੋਸਕੋਪੀ ਲਈ ਸਿਫਾਰਸ਼ ਕੀਤੇ ਗਏ ਮਰੀਜ਼ਾਂ ਨੂੰ ਰੈਫਰ ਕੀਤਾ ਜਾਣਾ ਚਾਹੀਦਾ ਹੈ।
- ਜਿਨ੍ਹਾਂ ਮਰੀਜ਼ਾਂ ਵਿਚ ਮਹੱਤਵਪੂਰਨ ਨਿਸ਼ਾਨੀਆਂ ਹਨ ਜਿਸ ਵਿਚ ਪੋਸਟ-ਕੋਇਟਲ ਬਲੀਡਿੰਗ, ਲਗਾਤਾਰ ਮਾਹਵਾਰੀਆਂ ਵਿਚਕਾਰ ਬਲੀਡਿੰਗ ਅਤੇ/ਜਾਂ ਲਗਾਤਾਰ ਯੋਨੀ ਵਿੱਚੋਂ ਮੁਆਦ ਨਿਕਲਣਾ ਸ਼ਾਮਲ ਹਨ, ਜਿਨ੍ਹਾਂ ਦੇ ਸੰਬੰਧ ਵਿਚ ਇਨਫੈਕਸ਼ਨ ਵਰਗੇ ਬੇਨਾਇਨ ਕਾਰਨਾਂ ਦਾ ਪਤਾ ਨਹੀਂ ਲਾਇਆ ਜਾ ਸਕਦਾ, ਉਨ੍ਹਾਂ ਦੀ ਸਰਵੀਕਲ ਡਿਜ਼ੀਜ਼ ਵਿਚ ਤਜਰਬਾ ਰੱਖਦੇ ਕਿਸੇ ਵਿਅਕਤੀ ਵਲੋਂ ਸਪੈਕੂਲਮ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਕਿਸੇ ਕੋਲਪੋਸਕੋਪਿਸਟ ਕੋਲ ਰੈਫਰ ਕੀਤੇ ਜਾਣਾ ਠੀਕ ਹੈ ਅਤੇ ਜੇ ਕਲਿਨੀਕਲ ਸ਼ੱਕ ਜ਼ਿਆਦਾ ਹੋਵੇ ਤਾਂ ਇਹ ਜਲਦੀ ਕੀਤਾ ਜਾ ਸਕਦਾ ਹੈ। ਰੈਫਰਲ ਲਈ ਪੈਪ ਟੈੱਸਟ ਦੀ ਲੋੜ ਨਹੀਂ ਹੈ।